**Office of the District Magistrate, Kapurthala**
**Tele. No. 01822 - 233777-O, 233776-R, 233393-F**
**Email ID dckapurthala@gmail.com**

ਹੁਕਮ

ਇਸ ਦਫਤਰ ਦੇ ਪੱਤਰ ਨੰਬਰ 2090-2107/ਐਮ.ਏ. ਮਿਤੀ 19.4.2020 ਦੀ ਲਗਾਤਾਰਤਾ ਵਿੱਚ ਜ਼ਿਲਾ ਮੈਨੇਜ਼ਰ, ਸੀ.ਐਸ.ਸੀ., ਕਪੂਰਥਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਸੀ.ਐਸ.ਸੀ. ਸੈਟਰ ਵਿੱਚ ਆਮ ਜਨਤਾ ਨੂੰ ਸਿਰਫ ਚਾਰ ਸੇਵਾਵਾਂ (ਡੀ.ਜੀ.ਪੇਅ, ਬਿੱਲ ਪੈਮੈਂਟ, ਗੈਸ ਸਿੱਲਡਰ ਬੂਕਿੰਗ ਅਤੇ ਟੈਲੀ ਮੈਡੀਸ਼ਨ) ਦੀ ਸਹੂਲਤ ਲਈ ਆਪਣੀ ਗਰਾਂਮ ਪੰਚਾਇਤ ਵਿੱਚ ਦਿੱਤੇ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਨ੍ਹਾਂ ਸੈਂਟਰਾਂ ਵਿੱਚ ਇਨ੍ਹਾਂ ਚਾਰ ਸੇਵਾਵਾਂ ਤੋ ਇਲਾਵਾਂ ਹੋਰ ਕੋਈ ਸਰਵਿਸ ਨਹੀਂ ਦਿੱਤੀ ਜਾਵੇਗੀ ਅਤੇ ਇਹ ਸੈਂਟਰ ਸਵੇਰੇ 6.00 ਵਜੇ ਤੋ ਸਵੇਰੇ 10.00 ਵਜੇ ਤੱਕ ਖੋਲੇ ਜਾਣਗੇ।

ਪੰਜਾਬ ਸਰਕਾਰ ਵੱਲੋਂ COVID-19 ਦੇ ਫੈਲਣ ਤੋਂ ਰੋਕਣ ਲਈ ਪੰਜਾਬ ਅੰਦਰ ਹਰੇਕ ਵਿਅਕਤੀ ਦੇ ਮੂਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੂਮਾਲ, ਦੂਪੱਟਾ, ਪਰਨਾ ਆਦਿ) ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਲਈ ਹਰੇਕ ਅਦਾਰਾ ਇਹ ਸੁਨਿਸਿਚਤ ਕਰੇਗਾ ਕਿ ਆਉਣ ਵਾਲੇ ਹਰੇਕ ਵਿਅਕਤੀ ਨੇ ਮਾਸਕ ਜਰੂਰ ਲਗਾਇਆ ਹੋਵੇ ਅਤੇ **ਭਾਰਤ ਸਰਕਾਰ**/ ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

ਜ਼ਿਲਾ ਮੈਜਿਸਟਰੇਟ,
ਕਪੂਰਥਲਾ।

ਪਿਠਅੰਕਣ ਨੰਬਰ 2111-2124 /ਐਮ.ਏ. ਮਿਤੀ 20/4/202

ਇਸ ਦਾ ਇਕ ਉਤਾਰਾ:

1. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ
2. ਵਧੀਕ ਡਿਪਟੀ ਕਮਿਸ਼ਨਰ (ਜਨ)/(ਵਿਕਾਸ) ਕਪੂਰਥਲਾ
3. ਉਪ ਮੰਡਲ ਮੈਜਿਸਟਰੇਟ, ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ ਅਤੇ ਭੁਲੱਥ
5. ਨਿਗਰਾਨ ਇੰਜੀਨੀਅਰ ਪੀ.ਐਸ.ਪੀ.ਸੀ.ਐਲ., ਕਪੂਰਥਲਾ
6. ਜ਼ਿਲਾ ਵਿਕਾਸ ਤੇ ਪੰਚਾਇਤ ਅਫਸਰ, ਕਪੂਰਥਲਾ
7. ਜ਼ਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ
8. ਜ਼ਿਲਾ ਰੋਜ਼ਗਾਰ ਅਫਸਰ, ਕਪੂਰਥਲਾ/ਜ਼ਿਲਾ ਲੋਕ ਸੰਪਰਕ ਅਫਸਰ, ਕਪੂਰਥਲਾ
9. ਜ਼ਿਲਾ ਮੈਨੇਜ਼ਰ ਸੀ.ਐਸ.ਸੀ., ਕਪੂਰਥਲਾ/
10. ਪੀ.ਏ. ਟੂ ਜ਼ਿਲਾ ਮੈਜਿਸਟਰੇਟ, ਕਪੂਰਥਲਾ

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲਾ ਮੈਜਿਸਟਰੇਟ,
ਕਪੂਰਥਲਾ।

Scanned by CamScanner